# State Level Championship 2019

Member Unit Name-

HOCKEY PUNJAB

| | | |
|---|---|---|
| Category | - | Sub Junior Men |
| Date | - | 29-11-2019 TO 1-12-2019 |
| Venue (Specify if played on synthetic pitch) | - | Khadoor Sahib Stadium, Tarn Taran |

# Brief Report

- Total Number of Teams Participated- 8
- Total Number of Players Participated- 144
- Total Number of Support Staff (Coaches, Team Manager, Physiotherapist, Doctor)- 16
- Total Number of Umpires Appointed- 6
- Total Number of Technical Officials Appointed- 3
- Brief Summary of the Tournament- Ludhiana Won The Title By Beating Tarn Taran By 4-2 (Shootout). Sant. Baba Sewa Singh & Pargat Singh Gave Away The Prizes To The Winners.

# Venue Pictures

## Khadoor Sahib Hockey Stadium, Tarn Taran





# Tournament Pictures

**Runners Up TarnTaran With Chief Guests**



**Winners Team Ludhiana With Chief Guests**



# Press Release/ Media Clippings

## Press Coverage News/Pictures



### ਤਰਨਤਾਰਨ ਅਤੇ ਲੁਧਿਆਣਾ ਦੀਆਂ ਟੀਮਾਂ ਸਬ-ਜੂਨੀਅਰ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ 'ਚ ਪੁੱਜੀਆਂ

ਖਡੂਰ ਸਾਹਿਬ, 30 ਨਵੰਬਰ (ਗਿੱਲ)- ਪੰਜਾਬ ਸਟੇਟ ਸਬ-ਜੂਨੀਅਰ ਹਾਕੀ ਚੈਂਪੀਅਨਸ਼ਿਪ ਦੇ ਅੱਜ ਹੋਏ ਸੈਮੀਫਾਈਨਲ ਮੁਕਾਬਲਿਆਂ ਵਿਚ ਤਰਨਤਾਰਨ ਦੀ ਟੀਮ ਨੇ ਇਕ ਸੰਘਰਸ਼ਪੂਰਨ ਮੁਕਾਬਲੇ 'ਚ ਜਲੰਧਰ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ। ਤਰਨਤਾਰਨ ਦੀ ਟੀਮ ਵੱਲੋਂ ਪਹਿਲਾ ਗੋਲ ਜਸਪਾਲ ਸਿੰਘ ਨੇ ਪੈਨਲਟੀ ਕਾਰਨਰ ਤੋਂ ਕੀਤਾ, ਜਦੋਂ ਕਿ ਦੂਜਾ ਹਰਪ੍ਰੀਤ ਸਿੰਘ ਨੇ 24ਵੇਂ ਮਿੰਟ ਵਿਚ ਫੀਲਡ ਗੋਲ ਕੀਤਾ ਗਿਆ। ਦੂਜੇ ਸੈਮੀਫਾਈਨਲ 'ਚ ਲੁਧਿਆਣਾ ਦੀ ਟੀਮ ਨੇ ਮੁਹਾਲੀ ਦੀ ਟੀਮ ਨੂੰ 5-0 ਦੇ ਵੱਡੇ ਫਰਕ ਨਾਲ ਹਰਾਇਆ। ਲੁਧਿਆਣਾ ਵੱਲੋਂ ਸੁਖਵਿੰਦਰ ਸਿੰਘ ਨੇ ਤਿੰਨ ਗੋਲ ਕਰ ਕੇ ਹੈਟ੍ਰਿਕ ਬਣਾਈ ਜਦਕਿ ਅਰਸ਼ਦੀਪ ਸਿੰਘ ਨੇ ਦੋ ਗੋਲ ਕੀਤੇ। ਇਸ ਮੌਕੇ ਕਾਰਸੇਵਾ ਖਡੂਰ ਸਾਹਿਬ ਵੱਲੋਂ ਬਾਬਾ ਬਲਦੇਵ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਸੰਤ ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਖਡੂਰ ਸਾਹਿਬ ਦੇ ਡਾਇਰੈਕਟਰ ਸੰਦੀਪ ਸਿੰਘ ਰੰਧਾਵਾ, ਸੰਤ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸਕੂਲ ਦੇ ਪ੍ਰਿੰਸੀਪਲ ਬੀਰਿੰਦਰ ਸਿੰਘ, ਖਡੂਰ ਸਾਹਿਬ ਹਾਕੀ ਅਕੈਡਮੀ ਦੇ ਕੋਚ ਬਲਵਿੰਦਰ ਸਿੰਘ, ਜਸਪਾਲ ਸਿੰਘ, ਪ੍ਰਿੰਸੀਪਲ ਮੈਡਮ ਸਿਮਰਪ੍ਰੀਤ ਕੌਰ, ਹਾਕੀ ਪੰਜਾਬ ਵੱਲੋਂ ਗੁਰਮੀਤ ਸਿੰਘ ਅਤੇ ਮੈਡਮ ਜੋਤੀ ਮੌਜੂਦ ਸਨ। ਤੀਜੀ ਚੌਥੀ ਪੁਜ਼ੀਸ਼ਨ ਲਈ ਮੁਕਾਬਲਾ ਐਤਵਾਰ 12 ਵਜੇ ਜਲੰਧਰ ਅਤੇ ਮੁਹਾਲੀ ਵਿਚਕਾਰ ਹੋਵੇਗਾ, ਜਦੋਂਕਿ ਫਾਈਨਲ ਮੁਕਾਬਲਾ ਲੁਧਿਆਣਾ ਅਤੇ ਤਰਨਤਾਰਨ ਵਿਚਕਾਰ ਬਾਅਦ ਦੁਪਹਿਰ ਖੇਡਿਆ ਜਾਵੇਗਾ।

ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਬਾਬਾ ਬਲਦੇਵ ਸਿੰਘ ਅਤੇ ਹੋਰ। (ਗਿੱਲ)



### ਲੁਧਿਆਣਾ ਨੇ ਪੰਜਾਬ ਸਬ-ਜੂਨੀਅਰ ਹਾਕੀ ਚੈਂਪੀਅਨਸ਼ਿਪ ਜਿੱਤੀ

ਜੇਤੂ ਟੀਮ ਨੂੰ ਟਰਾਫ਼ੀ ਸੌਂਪਣ ਮੌਕੇ ਬਾਬਾ ਸੇਵਾ ਸਿੰਘ ਅਤੇ ਸਾਬਕਾ ਹਾਕੀ ਖਿਡਾਰੀ ਪ੍ਰਗਟ ਸਿੰਘ।

**ਫਾਈਨਲ ਵਿੱਚ ਪੈਨਲਟੀ ਸ਼ੂਟ-ਆਊਟ ਰਾਹੀਂ ਤਰਨਤਾਰਨ ਨੂੰ ਹਰਾਇਆ**

ਪੱਤਰ ਪ੍ਰੇਰਕ
ਸ੍ਰੀ ਗੋਇੰਦਵਾਲ ਸਾਹਿਬ, 1 ਦਸੰਬਰ

ਲੁਧਿਆਣਾ ਦੀ ਟੀਮ ਨੇ ਅੱਜ ਇੱਥੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਵਿੱਚ ਹੋਏ ਫਾਈਨਲ ਵਿੱਚ ਤਰਨ ਤਾਰਨ ਨੂੰ ਪੈਨਲਟੀ ਸ਼ੂਟ-ਆਊਟ ਰਾਹੀਂ ਹਰਾ ਕੇ ਪੰਜਾਬ ਸਬ-ਜੂਨੀਅਰ ਹਾਕੀ ਚੈਂਪੀਅਨਸ਼ਿਪ ਜਿੱਤ ਲਈ। ਤੈਅ ਸਮੇਂ ਦੌਰਾਨ ਕੋਈ ਗੋਲ ਨਾ ਹੋਣ ਕਾਰਨ ਮੈਚ ਪੈਨਲਟੀ ਸ਼ੂਟ-ਆਊ ਤੱਕ ਖਿੱਚਿਆ ਗਿਆ, ਜਿੱਥੇ ਲੁਧਿਆਣਾ ਨੇ ਤਰਨ ਤਾਰਨ ਨੂੰ 4-3 ਨਾਲ ਮਾਤ ਦੇ ਕੇ ਟੂਰਨਾਮੈਂਟ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ। ਲੁਧਿਆਣਾ ਵੱਲੋਂ ਅਰਸ਼ਦੀਪ ਸਿੰਘ, ਸੁਖਵਿੰਦਰ ਸਿੰਘ, ਹਰਪ੍ਰੀਤ ਸਿੰਘ ਅਤੇ ਨਵਜੋਤ ਸਿੰਘ ਨੇ ਗੋਲ ਕੀਤੇ, ਜਦੋਂਕਿ ਤਰਨ ਤਾਰਨ ਵੱਲੋਂ ਜਸਪਾਲ ਸਿੰਘ ਅਤੇ ਸਵਰਾਜ ਸਿੰਘ ਨੇ ਗੋਲ ਦਾਗ਼ੇ। ਲੁਧਿਆਣਾ ਦੇ ਗੋਲਕੀਪਰ ਪ੍ਰਿੰਸਦੀਪ ਸਿੰਘ ਨੂੰ 'ਮੈਨ ਆਫ ਦਿ ਮੈਚ' ਐਲਾਨਿਆ ਗਿਆ। ਜਲੰਧਰ ਦੀ ਟੀਮ ਮੁਹਾਲੀ ਨੂੰ ਹਰਾ ਕੇ ਤੀਜੇ ਨੰਬਰ 'ਤੇ ਰਹੀ। ਸ੍ਰੀ ਗੁਰੂ ਅੰਗਦ ਦੇਵ ਕਾਲਜ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਦੀ ਅਗਵਾਈ ਵਿੱਚ ਚੱਲ ਰਿਹਾ ਹੈ। ਬਾਬਾ ਸੇਵਾ ਸਿੰਘ ਅਤੇ ਸਾਬਕਾ ਹਾਕੀ ਖਿਡਾਰੀ ਪ੍ਰਗਟ ਸਿੰਘ ਨੇ ਜੇਤੂ ਟੀਮਾਂ ਨੂੰ ਟਰਾਫ਼ੀਆਂ ਦਿੱਤੀਆਂ।

| | |
|---|---|
| Report Submitted by | - PARGAT SINGH |
| Designation (President/ General Secretary) | - GENERAL SECRETARY |
| Date | - 2-12-2019 |